**THE PUNJAB STATE BOARD OF TECHNICAL EDUCATION AND INDUSTRIAL TRAINING**
Plot No. 1-A, Sec. 36-A, Chandigarh Ph.: 0172-2615385 Fax: 2664333 e-mail: celtipb@gmail.com

ਨੰ:- ਪੀ.ਐਸ.ਬੀ.ਟੀ/ਆਈ.ਟੀ/2019/ ਮਿਤੀ:-

ਸੇਵਾ ਵਿਖੇ,

ਡਾਇਰੈਕਟਰ,
ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਵਿਸ਼ਾ: ਐਨ.ਸੀ.ਵੀ.ਟੀ ਐਮ.ਆਈ.ਐਸ ਪੋਰਟਲ ਉੱਪਰ ਫੋਟੋ ਕੁਰੈਕਸ਼ਨ ਕਰਵਾਉਣ ਸਬੰਧੀ।

ਹਵਾਲਾ: ਆਪ ਜੀ ਦੇ ਦਫਤਰ ਦੇ ਪੱਤਰ ਨੰ: ਆਈਟੀ/ਟ੍ਰੇ/MIS/Corrections/2018/23230-23580 ਮਿਤੀ 08-01-2020 ਅਤੇ ਬੋਰਡ ਦਫਤਰ ਦੇ ਪੱਤਰ ਨੰ: 2514 ਮਿਤੀ 06-11-2019, ਪਿੱਠ ਅੰਕਣ ਨੰ: 1984 ਮਿਤੀ 21-08-2019 ਅਤੇ ਪੱਤਰ ਨੰ: 1570 ਮਿਤੀ 01-07-2019 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਤੇ ਆਪ ਜੀ ਦੇ ਦਫਤਰ ਤੋਂ ਪ੍ਰਾਪਤ ਅਤੇ ਬੋਰਡ ਦਫਤਰ ਦੁਆਰਾ ਭੇਜੇ ਗਏ ਹਵਾਲਾ ਅਧੀਨ ਪੱਤਰਾਂ ਦੀ ਲਗਾਤਾਰਤਾ ਵਿੱਚ ਬੇਨਤੀ ਸਹਿਤ ਦੱਸਿਆ ਜਾਂਦਾ ਹੈ ਕਿ ਡੀ.ਜੀ.ਟੀ, ਨਵੀਂ ਦਿੱਲੀ ਦੇ ਪੱਤਰ ਨੰ: MSDE-18011/04/CTS/Pun./2017-TTC ਮਿਤੀ 25-07-2017 ਜੋ ਕਿ ਬੋਰਡ ਦਫਤਰ ਦੇ ਪੱਤਰ ਨੰ: ਪੀਐਸਬੀਟੀ/ਆਈਟੀਆਈ/2017/1982 ਮਿਤੀ 26-07-2017 ਨਾਲ ਬੋਰਡ ਦੀ ਵੈਬਸਾਈਟ ਤੇ ਵੀ ਉਪਲੱਬਧ ਹੈ ਰਾਹੀਂ ਜਾਰੀ ਹਦਾਇਤਾਂ ਅਨੁਸਾਰ ਐਮ.ਆਈ.ਐਸ ਪੋਰਟਲ ਅਨੁਸਾਰ ਹੀ ਸਿਖਿਆਰਥੀ ਪ੍ਰੀਖਿਆਵਾਂ ਵਿੱਚ ਅਪੀਅਰ ਹੋ ਸਕਦੇ ਹਨ। ਆਪ ਜੀ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੀਖਿਆਵਾਂ ਤੋਂ ਪਹਿਲਾਂ ਬੋਰਡ ਦਫਤਰ ਪਾਸ ਫੋਟੋ ਕੁਰੈਕਸ਼ਨ ਸਬੰਧੀ ਕੋਈ ਕੇਸ ਪ੍ਰਾਪਤ ਨਹੀਂ ਹੋਇਆ ਅਤੇ ਨਾਂ ਹੀ ਬੋਰਡ ਦਫਤਰ ਦੁਆਰਾ ਕਿਸੇ ਸਿਖਿਆਰਥੀਆਂ ਨੂੰ ਆਰਜ਼ੀ ਤੌਰ ਤੇ ਪ੍ਰੀਖਿਆ ਵਿੱਚ ਅਪੀਅਰ ਹੋਣ ਦੀ ਇਜਾਜਤ ਦਿੱਤੀ ਜਾਂਦੀ ਹੈ। ਜੇਕਰ ਫਿਰ ਵੀ ਕਿਸੇ ਸੰਸਥਾ ਦੁਆਰਾ ਬੋਰਡ ਦਫਤਰ ਦੀਆਂ ਹਦਾਇਤਾਂ ਨੂੰ ਅੱਖੋਂ ਪਰੋਖੇ ਕਰਦੇ ਹੋਏ ਸਿਖਿਆਰਥੀਆਂ ਦੀਆਂ ਪ੍ਰੀਖਿਆਵਾਂ ਕੰਡਕਟ ਕਰਵਾਈਆਂ ਗਈਆਂ ਹਨ ਤਾਂ ਇਸ ਦੀ ਸੰਪੂਰਨ ਜਿੰਮੇਵਾਰੀ ਸਬੰਧਤ ਸੰਸਥਾਵਾਂ ਦੀ ਹੀ ਬਣਦੀ ਹੈ।

ਇਹ ਆਪ ਜੀ ਦੀ ਜਾਣਕਾਰੀ ਅਤੇ ਅਗਲੇਰੀ ਕਾਰਵਾਈ ਹਿਤ ਹੈ ਜੀ।

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ

ਪਿੱਠ ਅੰਕਣ ਨੰ: 160 ਮਿਤੀ: 31.01.2020.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਪ੍ਰਿੰਸੀਪਲ, ਸਮੂਹ ਸਰਕਾਰੀ ਅਤੇ ਪ੍ਰਾਈਵੇਟ ਉਦਯੋਗਿਕ ਸਿਖਲਾਈ ਸੰਸਥਾਵਾਂ, ਪੰਜਾਬ ਰਾਜ ਅਧੀਨ।
2. ਪੀ.ਏ ਟੂ ਸਕੱਤਰ ਸਾਹਿਬ।

31.1.20

ਕੰਟਰੋਲਰ ਪ੍ਰੀਖਿਆਵਾਂ (ਆਈ.ਟੀ.ਆਈ)
ਵਾਸਤੇ ਸਕੱਤਰ